ਨੰਬਰ/ਐਫ.ਸੀ.ਏ 2794
ਮਿਤੀ 05/03/2024

ਵਲੋਂ ਵਣ ਮੰਡਲ ਅਫਸਰ, ਹੁਸ਼ਿਆਰਪੁਰ।

ਸੇਵਾ ਵਿਖੇ ਨੋਡਲ ਅਫਸਰ (ਐੱਫ.ਸੀ.ਏ), ਪੰਜਾਬ, ਐੱਸ.ਏ.ਐੱਸ. ਨਗਰ।

ਵਿਸ਼ਾ- **Diversion area of 0.0019 ha. of forest land for approach road to M/S Navjeet Farms (marriage palace) for situated at village Bajwara on Hoshiarpur-Una road, KM 1-2 RHS, Tehsil and Distt. Hoshiarpur. Under Hoshiarpur Forest Division. (Proposal No. FP/PB/Approach/34292/2018 dated 20/06/2018)**

ਹਵਾਲਾ: ਆਪ ਜੀ ਦਾ ਪੱਤਰ ਨੰ: File No.FOREST-FCA0FC3H/6/2021-FCA/I/164906/2021 ਮਿਤੀ 01-04-2021.

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਆਦੇਸ਼ਾਂ ਅਨੁਸਾਰ ਤਜਵੀਜ ਨਾਲ ਸਬੰਧਤ ਸਾਰੇ ਦਸਤਾਵੇਜ਼ ਕਾਊਂਟਰ ਸਾਈਨ ਕਰਨ ਉਪਰੰਤ ਆਨਲਾਇਨ ਪੋਰਟਲ ਦੇ ਪਾਰਟ-2/ਅਡੀਸ਼ਨਲ ਇੰਨਫਰਮੇਸ਼ਨ ਡੀਟੇਲ ਵਿੱਚ ਅਪਲੋਡ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਪਹਿਲਾਂ ਸਬਮਿੱਟ ਕੀਤੀ ਗਈ ਸੀ.ਏ. ਸਾਈਟ ਦੇਹਰੀਆਂ ਦੀ ਬਜਾਏ ਇਸ ਕੇਸ ਅਧੀਨ ਕਰਵਾਈ ਜਾਣ ਵਾਲੀ ਸੀ.ਏ. 0.100 ਹੈਕਟਰ ਲਈ ਲੈਂਡ ਬੈਂਕ ਚੱਕ ਸਾਧੂ ਪੀ.ਐੱਫ. ਹੱਦਬਸਤ ਨੰ: 503 ਜਿਸ ਦਾ ਪਾਲੀਗਾਨ ਰਕਬਾ 20 ਹੈਕਟਰ ਅਤੇ ਪਲਾਂਟੇਸ਼ਨਯੋਗ ਰਕਬਾ 19 ਹੈਕਟਰ ਹੈ, ਪ੍ਰੋਪੋਜ਼ ਕੀਤੀ ਜਾਂਦੀ ਹੈ, ਜਿਸ ਵਿੱਚ ਚੱਕ ਸਾਧੂ ਸਰਕਾਰੀ ਜੰਗਲ ਦੀ ਬਾਊਂਡਰੀ ਦਰਸਾ ਦਿੱਤੀ ਗਈ ਹੈ (ਕੇ.ਐੱਮ.ਐੱਲ. ਅਪਲੋਡ ਕਰ ਦਿੱਤੀ ਹੈ) ਜ਼ੋਕਿ ਅੰਦਾਜਨ ਹੀ ਹੈ ਕਿਉਂਕਿ ਅਸਲ ਬਾਊਂਡਰੀ ਦਾ ਟੋਟਲ ਸਟੇਸ਼ਨ ਨਾਲ ਡਿਮਾਰਕੇਸ਼ਨ ਕਰਨ ਉਪਰੰਤ ਹੀ ਪਤਾ ਲੱਗ ਸਕਦਾ ਹੈ। ਇਹ ਸੀ.ਏ. ਸਾਈਟ ਅਤੇ ਪੀ.ਐੱਫ. ਦੀ ਬਾਊਂਡਰੀ ਮਾਰਕ ਕੀਤੀ ਕੇ.ਐੱਮ.ਐੱਲ. ਫਾਈਲ ਆਨਲਾਇਨ ਪੋਰਟਲ ਦੇ ਪਾਰਟ-2 ਵਿੱਚ ਸਮੇਤ ਲੈਂਡ ਸੁਟੇਬਿਲਟੀ ਸਰਟੀਫਿਕੇਟ, ਡੀ.ਜੀ.ਪੀ.ਐੱਸ. ਮੈਪ, ਲੈਂਡ ਬੈਂਕ ਦਾ ਅਨੁਲੱਗ (ੳ) ਅਤੇ (ਅ) ਅਪਲੋਡ ਕਰ ਦਿੱਤੀ ਗਈ ਹੈ।

ਸੂਚਨਾ ਵਣ ਕੰਜਰਵੇਸ਼ਨ ਐਕਟ ਦੀ ਧਾਰਾ 2 ਅਨੁਸਾਰ ਸਿਫਾਰਿਸ਼ ਸਹਿਤ ਪ੍ਰਵਾਨਗੀ ਲਈ ਭੇਜੀ ਜਾਂਦੀ ਹੈ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਪਿੱਠ ਅੰਕਣ ਨੰਬਰ 2800-03 ਮਿਤੀ 05/03/2024

ਇਸ ਦੀ ਇੱਕ ਨਕਲ ਹੇਠ ਲਿਖਿਆਂ ਨੂੰ ਸੂਚਨਾ ਤੇ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ:-

1) ਵਣ ਪਾਲ, ਨਾਰਥ ਸਰਕਲ, ਪੰਜਾਬ, ਹੁਸ਼ਿਆਰਪੁਰ ਜੀ ਨੂੰ ਤਜੀਵਜ ਦੇ ਦਸਤਾਵੇਜ ਉਕਤ ਅਨੁਸਾਰ ਆਨਲਾਈਨ ਪੋਰਟਲ https://parivesh.nic.in ਵਿੱਚ ਅਪਲੋਡ ਕਰਨ ਉਪਰੰਤ ਸੂਚਨਾ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

2) ਵਣ ਰੇਂਜ ਅਫਸਰ, ਹੁਸ਼ਿਆਰਪੁਰ ਨੂੰ ਸੂਚਨਾ ਤੇ ਜਰੂਰੀ ਕਾਰਵਾਈ ਲਈ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ 1980 ਤਹਿਤ ਪ੍ਰਵਾਨਗੀ ਤੋਂ ਬਿਨ੍ਹਾਂ ਯੂਜਰ ਏਜੰਸੀ ਨੂੰ ਵਣ ਰਕਬਾ ਗੈਰ ਵਣ ਮੰਤਵ ਲਈ ਵਰਤਣ ਨਾ ਦਿੱਤਾ ਜਾਵੇ। ਇਸ ਦਫਤਰ ਦੇ ਪੱਤਰ ਨੰ: 5868-72 ਮਿਤੀ 28-02-2022 ਦੀਆਂ ਹਦਾਇਤਾਂ ਅਨੁਸਾਰ ਪ੍ਰੋਪੋਜ ਕੀਤੀ ਸੀ.ਏ. ਸਾਈਟ/ਸਕੀਮ ਦਾ ਰਿਕਾਰਡ ਵੀ ਮੁਕੰਮਲ ਤੌਰ ਤੇ ਮੇਨਟੇਨ ਰੱਖਿਆ ਜਾਵੇ। ਲੈਂਡ ਬੈਂਕ ਡਿਟੇਲ ਬਾਰੇ ਅਨੁਲੱਗ (ੳ) ਅਤੇ ਅਨੁਲੱਗ (ਅ) ਵੀ ਮੇਨਟੇਨ ਰੱਖਿਆ ਜਾਵੇ।

3) ਵਣ ਰੇਂਜ ਅਫਸਰ, ਢੋਲਬਾਹਾ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰ: 2686-89 ਮਿਤੀ 10-02-2020 ਦੀ ਅਨੁਵਰਤੀ ਵਿੱਚ।

4) **M/s Navjeet Farms (Marriage Palace), Hoshiarpur-Una road, KM 1-2 RHS, Vill. Bajwara, Tehsil & Distt. Hoshiarpur** (Email address: chhavi.dang@rediffmail.com Mobile No.: 9888856686)ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ 1980 ਤਹਿਤ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨ੍ਹਾ ਵਣ ਰਕਬਾ ਗੈਰ ਵਣ ਮੰਤਵ ਲਈ ਨਾ ਵਰਤਿਆ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

D:\FCA (Santosh)\Forests Clearance.nic.in\F.C.A_Sham_ from 13-05-2022.doc